# 4. ਪ੍ਰਾਰਥਨਾ

## ਡਾ: ਬਲਵੀਰ ਸਿੰਘ

## ਸਾਰ

ਅਰਦਾਸ ਦਾ ਮਨੁੱਖੀ ਜੀਵਨ ਵਿੱਚ ਖ਼ਾਸ ਮਹੱਤਵ ਹੈ। ਇਸ ਦੀ ਜ਼ਰੂਰਤ ਹਰ ਕਿਸੇ ਨੂੰ ਪੈਂਦੀ ਹੈ, ਵੱਡੇ-ਵੱਡੇ ਰਾਠ ਤੇ ਸਿਆਣੇ ਵਿਅਕਤੀਆਂ ਲਈ ਵੀ ਕਈ ਵਾਰ ਅਰਦਾਸ ਤੋਂ ਬਿਨਾਂ ਕੋਈ ਰਾਹ ਨਹੀਂ ਰਹਿ ਜਾਂਦਾ। ਸੁਕਰਾਤ ਵਰਗਾ ਸਮਝਦਾਰ ਅਤੇ ਮੌਤ ਤੋਂ ਬੇਪਰਵਾਹ ਇਨਸਾਨ ਵੀ ਅਰਦਾਸ ਵਿੱਚ ਵਿਸ਼ਵਾਸ ਰੱਖਦਾ ਸੀ। ਸਿੱਖ ਧਰਮ ਵਿੱਚ ਅਰਦਾਸ ਦੀ ਖ਼ਾਸ ਮਹਾਨਤਾ ਹੈ। ਸਭ ਪ੍ਰਕਾਰ ਦੀਆਂ ਰਸਮਾਂ-ਰੀਤਾਂ ਤੇ ਪਰਮਾਰਥਕ ਸਾਧਨਾਂ ਦੀ ਥਾਂ ਸਿੱਖ ਦੁਆਰਾ ਕੀਤੀ ਇਕ ਅਰਦਾਸ ਹੀ ਕਾਫ਼ੀ ਹੈ। ਅਰਦਾਸ ਇਕ ਫ਼ਰਜ਼ ਹੈ । ਇਸ ਦਾ ਉੱਤਰ ਮਿਲਣਾ ਜ਼ਰੂਰੀ ਨਹੀਂ, ਜੇਕਰ ਇੰਝ ਹੁੰਦਾ, ਤਾਂ ਇਹ ਖ਼ਤੋ-ਖਿਤਾਬਤ ਦਾ ਸਿਲਸਿਲਾ ਬਣ ਜਾਂਦੀ ਹੈ। ਸਿੱਖ ਦੀ ਅਰਦਾਸ ਸਭ ਤੋਂ ਨਿਰਾਲੀ ਹੈ । ਇਹ ਨਿੱਜ ਤੋਂ ਉੱਪਰ ਉੱਠ ਕੇ ਸਰਬੱਤ ਦੇ ਭਲੇ ਲਈ ਹੁੰਦੀ ਹੈ । ਇਹ ਮਨੁੱਖ ਨੂੰ ਚੜ੍ਹਦੀ ਕਲਾ ਵਿੱਚ ਰੱਖਣ ਦਾ ਸਾਧਨ ਹੈ। ਇਹ ਛੋਟੇ ਤੋਂ ਵੱਡੇ ਹੋਣ ਦਾ ਸਹਿਜ-ਸੁਭਾ ਯਤਨ ਹੈ।

ਅਰਦਾਸ ਵਿਅਕਤੀ ਦਾ ਜੀਵਨ ਬਦਲ ਦਿੰਦੀ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰੁਹਤਾਸ ਦੇ ਕਿਲ੍ਹੇ ਵਿੱਚ ਕੈਦ ਇਕ ਧਾੜਵੀ ਕੈਦੀ ਦੇ ਜੀਵਨ ਵਿੱਚ ਅਰਦਾਸ ਨਾਲ ਪਰਿਵਰਤਨ ਆਇਆ ਅਤੇ ਉਸ ਧਾੜਵੀ ਦਾ ਚਰਿੱਤਰ ਬਦਲ ਗਿਆ। ਅਰਦਾਸ ਮਨੁੱਖ ਨੂੰ ਅਥਾਹ ਆਨੰਦ ਤੇ ਮਾਨਸਿਕ ਸ਼ਾਂਤੀ ਦਿੰਦੀ ਹੈ । ਅਰਦਾਸ ਤੋਂ ਹੌਂਸਲਾ ਪ੍ਰਾਪਤ ਕਰਕੇ ਮਨੁੱਖ ਸਭ ਪ੍ਰਕਾਰ ਦੀਆਂ ਦੁੱਖਾਂ-ਤਕਲੀਫ਼ਾਂ ਅਤੇ ਸੰਕਟਾਂ ਤੋਂ ਬੇਪਰਵਾਹ ਹੋ ਕੇ ਪਾਰ ਲੰਘ ਜਾਂਦਾ ਹੈ। ਇਸ ਕਰਕੇ ਸਾਨੂੰ ਕਦੇ ਕਿਸੇ ਮਨ-ਮਤੀਏ ਮਨੁੱਖ ਦੀ ਇਹ ਗੱਲ ਨਹੀਂ ਮੰਨਣੀ ਚਾਹੀਦੀ ਕਿ ਅਰਦਾਸ ਕਰਨੀ ਵਿਅਰਥ ਹੈ । ਸਾਨੂੰ ਕਦੇ ਵੀ ਉਸ ਦਿਆਲੂ ਪ੍ਰਮਾਤਮਾ ਨੂੰ ਨਹੀਂ ਭੁਲਾਉਣਾ ਚਾਹੀਦਾ ਅਤੇ ਹਮੇਸ਼ਾ ਉਸ ਦਾ ਸ਼ੁਕਰ-ਗੁਜ਼ਾਰ ਰਹਿਣਾ ਚਾਹੀਦਾ ਹੈ। ਅਸੀਂ ਅੰਤ ਸਮੇਂ ਸਾਰਿਆਂ ਨੇ ਪਰਮਾਤਮਾ ਦੀ ਦਰਗਾਹੇ ਜਾਣਾ ਹੈ, ਜਿੱਥੇ ਸਾਡੇ ਭਲੇ-ਬੁਰੇ ਕੰਮਾਂ ਦਾ ਨਿਸਤਾਰਾ ਹੋਣਾ ਹੈ । ਇਸ ਲਈ ਸਾਨੂੰ ਨੇਕ ਆਚਰਨ ਰੱਖਦੇ ਹੋਏ ਪ੍ਰਾਰਥਨਾ ਦੁਆਰਾ ਉਸ ਪ੍ਰਭੂ ਤੋਂ ਆਪਣੀਆਂ ਅਣਜਾਣ ਭੁੱਲਾਂ ਬਖਸ਼ਾ ਲੈਣੀਆਂ ਚਾਹੀਦੀਆਂ ਹਨ । ਸਾਨੂੰ ਮਨੁੱਖਤਾ ਪ੍ਰਤੀ ਆਪਣਾ ਵਤੀਰਾ ਸ਼ੁੱਧ ਰੱਖਣਾ ਚਾਹੀਦਾ ਹੈ ਤੇ ਮਨ ਪ੍ਰਮਾਤਮਾ ਨਾਲ ਜੋੜ ਕੇ ਸਦਾ ਸਰਬੱਤ ਦੇ ਭਲੇ ਲਈ ਪ੍ਰਾਰਥਨਾ ਕਰਨੀ ਚਾਹੀਦੀ ਹੈ ।

## ਛੋਟੇ ਉੱਤਰ ਵਾਲੇ ਪ੍ਰਸ਼ਨ

**ਪ੍ਰਸਨ 1. ਅਰਦਾਸ ਕਦੋਂ ਤੇ ਕਿਉਂ ਕੀਤੀ ਜਾਂਦੀ ਹੈ ? ਉੱਤਰ ਲਗਪਗ 40 ਸ਼ਬਦਾਂ ਵਿੱਚ ਲਿਖੋ ।**

ਉੱਤਰ - ਮਨੁੱਖ ਲਈ ਅਰਦਾਸ ਇਕ ਅਤਿਅੰਤ ਜ਼ਰੂਰੀ ਫ਼ਰਜ਼ ਹੈ । ਜੀਵਨ ਵਿਚ ਕਈ ਮੌਕੇ ਅਜਿਹੇ ਆਉਂਦੇ ਹਨ, ਜਦੋਂ ਵੱਡੇ ਤੋਂ ਵੱਡੇ ਰਾਠ ਤੇ ਸਿਆਣੇ ਆਦਮੀ ਲਈ ਵੀ ਅਰਦਾਸ ਤੋਂ ਬਿਨਾਂ ਕੋਈ ਰਾਹ ਨਹੀਂ ਰਹਿ ਜਾਂਦਾ । ਅਰਦਾਸ ਜ਼ਿੰਦਗੀ ਵਿਚ ਹਰ ਸੰਸਾਰਿਕ ਮੌਕੇ ਉੱਪਰ ਜਨਮ ਵੇਲੇ, ਮਰਨ ਵੇਲੇ, ਵਿਆਹ ਵੇਲੇ, ਰੋਗ ਵੇਲੇ, ਜੰਗ ਵੇਲੇ ਅਤੇ ਮੁਸ਼ਕਿਲ ਸਮੇਂ ਕਾਰਜ ਨੂੰ ਨਿਰਵਿਘਨ ਸਿਰੇ ਚੜ੍ਹਾਉਣ ਲਈ ਕੀਤੀ ਜਾਂਦੀ ਹੈ। ਅਰਦਾਸ ਮਨੁੱਖ ਨੂੰ ਚੜ੍ਹਦੀ ਕਲਾ ਵਿੱਚ ਰੱਖਦੀ ਹੈ ।

**ਪ੍ਰਸ਼ਨ 2. ਪ੍ਰਸਿੱਧ ਲੇਖਕ ਔਸਕਰ ਵਾਇਲਡ ਦੇ ਅਰਦਾਸ ਬਾਰੇ ਕੀ ਵਿਚਾਰ ਹਨ ? ਉੱਤਰ ਲਗਪਗ 40 ਸ਼ਬਦਾਂ ਵਿਚ ਲਿਖੋ ।**

ਉੱਤਰ - ਔਸਕਰ ਵਾਇਲਡ ਦਾ ਵਿਚਾਰ ਹੈ ਕਿ 'ਅਰਦਾਸ' ਦਾ ਉੱਤਰ ਮਿਲਣਾ ਹੀ ਨਹੀਂ ਚਾਹੀਦਾ। ਅਰਦਾਸ ਦਾ ਉੱਤਰ ਮਿਲੇ ਤਾਂ ਉਹ ਅਰਦਾਸ ਨਹੀਂ ਰਹਿੰਦੀ, ਸਗੋਂ ਖ਼ਤੋ-ਖਿਤਾਬਤ ਦਾ ਸਿਲਸਿਲਾ ਬਣ ਜਾਂਦੀ ਹੈ|

**ਪ੍ਰਸ਼ਨ 3. ਸਿੱਖ ਧਰਮ ਵਿਚ ਅਰਦਾਸ ਦੀ ਕੀ ਮਹੱਤਤਾ ਹੈ ? ਉੱਤਰ ਲਗਪਗ 40 ਸ਼ਬਦਾਂ ਵਿਚ ਲਿਖੋ ।**

ਉੱਤਰ - ਸਿੱਖ ਧਰਮ ਵਿੱਚ ਅਰਦਾਸ ਦੀ ਖ਼ਾਸ ਮਹਾਨਤਾ ਹੈ। ਸਿੱਖ ਲਈ ਅਰਦਾਸ ਚੜ੍ਹਦੀ ਕਲਾ ਵਿੱਚ ਰਹਿਣ ਦਾ ਸਾਧਨ ਹੈ। ਸਿੱਖ ਧਰਮ ਵਿੱਚ ਅਰਦਾਸ ਨਿੱਜ ਤੋਂ ਉੱਪਰ ਉੱਠ ਕੇ ਸਰਬੱਤ ਦੇ ਭਲੇ ਲਈ ਕੀਤੀ ਜਾਂਦੀ ਹੈ, ਜੋ ਮਨੁੱਖ ਨੂੰ ਸਹਿਜ-ਸੁਭਾ ਛੁਟੇਰੇਪਨ ਵਿਚੋਂ ਕੱਢ ਕੇ ਵੱਡਾ ਬਣਾ ਦਿੰਦੀ ਹੈ।

**ਪ੍ਰਸ਼ਨ 4. ਪ੍ਰਾਰਥਨਾ ਕਰਨ ਨਾਲ ਕੈਦੀ ਦੇ ਵਿਹਾਰ ਵਿਚ ਕਿਹੋ-ਜਿਹੀ ਤਬਦੀਲੀ ਆਈ ਤੇ ਕਿਵੇਂ ? ਉੱਤਰ ਲਗਪਗ 40 ਸ਼ਬਦਾਂ ਵਿਚ ਲਿਖੋ ।**

ਉੱਤਰ - ਪ੍ਰਾਰਥਨਾ ਕਰਨ ਨਾਲ ਕੈਦੀ ਦਾ ਮਨ ਸ਼ਾਂਤ ਹੋ ਗਿਆ। ਉਹ ਹਰ ਰੋਜ਼ ਪਾਠ ਕਰਨ ਅਤੇ ਉਸ ਦੇ ਅਰਥ ਸਮਝਣ ਲੱਗ ਪਿਆ, ਜਿਸ ਕਾਰਨ ਉਸ ਦੇ ਸੁਭਾਅ ਵਿਚ ਮਿਠਾਸ ਤੇ ਨਿਮਰਤਾ ਆ ਗਈ। ਉਸ ਦਾ ਪ੍ਰਮਾਤਮਾ ਵਿਚ ਅਟੁੱਟ ਵਿਸ਼ਵਾਸ ਕਾਇਮ ਹੋ ਗਿਆ। ਅਰਦਾਸ ਕਰਕੇ ਉਸ ਨੇ ਸੰਸਾਰਿਕ ਪਦਾਰਥਾਂ ਤੇ ਪਦਵੀਆਂ ਤੋਂ ਵੀ ਮੂੰਹ ਮੋੜ ਲਿਆ।

**ਪ੍ਰਸ਼ਨ 5. ਮਹਾਰਾਜਾ ਰਣਜੀਤ ਸਿੰਘ ਨੇ ਕੈਦੀ ਦੀ ਸਜ਼ਾ ਮੁਆਫ਼ ਕਿਵੇਂ ਕਰ ਦਿੱਤੀ ?**

ਉੱਤਰ – ਵਾਹਿਗੁਰੂ ਅੱਗੇ ਅਰਦਾਸ ਕਰਨ ਕਰਕੇ ਮਹਾਰਾਜਾ ਰਣਜੀਤ ਸਿੰਘ ਦੀ ਮਾਨਸਿਕ ਹਾਲਤ ਵਿੱਚ ਸੁਧਾਰ ਆਇਆ ਅਤੇ ਉਨ੍ਹਾਂ ਨੂੰ ਚੰਗੀ ਨੀਂਦ ਆ ਗਈ, ਜਿਸ ਕਰਕੇ ਉਨ੍ਹਾਂ ਵਾਹਿਗੁਰੂ ਦੇ ਸ਼ੁਕਰਾਨੇ ਵਜੋਂ ਕੈਦੀ ਦੀ ਸਜ਼ਾ ਮੁਆਫ਼ ਕਰ ਦਿੱਤੀ।

**ਪ੍ਰਸ਼ਨ 6. ਕੈਦੀ ਨੇ ਆਪਣੀ ਰਿਹਾਈ ਸਮੇਂ ਮਹਾਰਾਜਾ ਰਣਜੀਤ ਸਿੰਘ ਨੂੰ ਕੀ ਕਿਹਾ ? ਉੱਤਰ ਲਗਪਗ 40 ਸ਼ਬਦਾਂ ਵਿਚ ਲਿਖੋ ।**

ਉੱਤਰ - ਕੈਦੀ ਨੇ ਆਪਣੇ ਨਾਲ ਬੀਤੀ ਸਾਰੀ ਗੱਲ ਮਹਾਰਾਜਾ ਰਣਜੀਤ ਸਿੰਘ ਨੂੰ ਦੱਸਦਿਆਂ ਕਿਹਾ ਕਿ ਉਨ੍ਹਾਂ ਦੀ ਕਿਰਪਾ ਨਾਲ ਹੀ ਉਹ ਧਾੜਵੀ ਤੋਂ ਸਰਦਾਰ ਬਣਿਆ ਸੀ ਅਤੇ ਉਨਾਂ ਦੀ ਕੈਦ ਵਿਚ ਰਹਿ ਕੇ ਹੀ ਉਹ ਆਪਣੇ ਸੱਚੇ ਪਿਤਾ ਵਾਹਿਗੁਰੂ ਦੇ ਪ੍ਰੇਮ ਤੋਂ ਜਾਣੂ ਹੋ ਗਿਆ ਹੈ। ਪ੍ਰਮਾਤਮਾ ਦੇ ਪਿਆਰ ਨੂੰ ਪਾ ਕੇ ਹੀ ਉਸ ਨੂੰ ਸੱਚੀ ਖੁਸ਼ੀ ਮਿਲੀ ਹੈ। ਹੁਣ ਉਸ ਦਾ ਮਨ ਪ੍ਰਭੂ ਦੇ ਪ੍ਰੇਮ ਵਿਚ ਮਗਨ ਹੋ ਗਿਆ ਹੈ। ਇਸ ਕੈਦ ਤੋਂ ਮੁਕਤੀ ਪ੍ਰਾਪਤ ਕਰਨ ਤੋਂ ਬਾਅਦ ਪ੍ਰਭੂ ਨੇ ਹੀ ਉਸ ਨੂੰ ਮਹਾਂ-ਭੌਜਲ ਤੋਂ ਪਾਰ ਕਰਵਾਉਣਾ ਹੈ।

**ਪ੍ਰਸਨ 7. ਲੇਖਕ ਅਨੁਸਾਰ ਮਨੁੱਖ ਨੂੰ ਸਮਾਜ ਵਿੱਚ ਕਿਵੇਂ ਵਿਚਰਨਾ ਚਾਹੀਦਾ ਹੈ ? ਉੱਤਰ ਲਗਪਗ 40 ਸ਼ਬਦਾਂ ਵਿੱਚ ਲਿਖੋ।**

ਉੱਤਰ - ਲੇਖਕ ਅਨੁਸਾਰ ਮਨੁੱਖ ਨੂੰ ਸਮਾਜ ਵਿਚ ਵਿਚਰਦਿਆਂ ਪਰਮਾਤਮਾ ਤੋਂ ਆਪਣੀਆਂ ਅਣਜਾਣ ਭੁੱਲਾਂ ਬਖ਼ਸ਼ਾ ਕੇ ਭਜਨ ਰਪੀ ਖੇਪ ਲੱਦਣੀ ਚਾਹੀਦੀ ਹੈ। ਉਸ ਨੂੰ ਜਗਤ ਨਾਲ ਆਪਣਾ ਵਿਹਾਰ ਸ਼ੁੱਧ ਰੱਖਣਾ ਚਾਹੀਦਾ ਹੈ। ਮਨ ਕਰਤਾਰ ਵੱਲ ਰੱਖ ਕੇ ਸਦਾ ਪ੍ਰਾਰਥਨਾ ਕਰਦਿਆਂ ਸਰਬੱਤ ਦਾ ਭਲਾ ਮੰਗਣਾ ਚਾਹੀਦਾ ਹੈ।

**ਗੁਰਦੀਪ ਸਿੰਘ ਪੰਜਾਬੀ ਮਾਸਟਰ ਸਸਸਸ ਕੋਟਲੀ ਅਬਲੂ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਮੋ 9193700037**

## ਵਸਤੂਨਿਸ਼ਠ ਪ੍ਰਸ਼ਨ

**ਪ੍ਰਸ਼ਨ 1. 'ਪ੍ਰਾਰਥਨਾ' ਨਿਬੰਧ ਦਾ ਲੇਖਕ ਕੌਣ ਹੈ ?**

ਉੱਤਰ - ਡਾ: ਬਲਵੀਰ ਸਿੰਘ ।

**ਪ੍ਰਸ਼ਨ 2. ਦੁਨੀਆ ਵਿਚ ਸਭ ਤੋਂ ਸਿਆਣਾ ਆਦਮੀ ਕੌਣ ਗਿਣਿਆ ਜਾਂਦਾ ਹੈ ?**

ਉੱਤਰ - ਸੁਕਰਾਤ ।

**ਪ੍ਰਸ਼ਨ 3. ਸੁਕਰਾਤ ਨੇ ਸ਼ਰਬਤ ਵਾਂਗ ਕੀ ਪੀਤਾ ਸੀ ?**

ਉੱਤਰ - ਜ਼ਹਿਰ ਦਾ ਪਿਆਲਾ।

**ਪ੍ਰਸ਼ਨ 4. ਕਿਹੜੇ ਧਰਮ ਵਿੱਚ ਅਰਦਾਸ ਦੀ ਖ਼ਾਸ ਅਹਿਮੀਅਤ ਹੈ ?**

ਉੱਤਰ - ਸਿੱਖ ਧਰਮ ਵਿਚ ।

**ਪ੍ਰਸ਼ਨ 5. ਅਰਦਾਸ ਕਦੋਂ ਕੀਤੀ ਜਾਂਦੀ ਹੈ ?**

ਉੱਤਰ - ਹਰ ਸੰਸਾਰਿਕ ਮੌਕੇ ਉੱਤੇ ।

**ਪ੍ਰਸ਼ਨ 6. ਖ਼ਾਲਸਾ ਟ੍ਰੈਕਟ ਸੁਸਾਇਟੀ ਦਾ ਮੁੱਢ ਕਦੋਂ ਬੱਝਾ ?**

ਉੱਤਰ - 1893 ਈ: ਵਿਚ ।

**ਪ੍ਰਸ਼ਨ 7. ਖ਼ਾਲਸਾ ਟ੍ਰੈਕਟ ਸੁਸਾਇਟੀ ਦੇ ਪਹਿਲੇ ਟ੍ਰੈਕਟ ਦਾ ਨਾਂ ਕੀ ਸੀ ?**

ਉੱਤਰ – ਪ੍ਰਾਰਥਨਾ।

**ਪ੍ਰਸ਼ਨ 8. ਖ਼ਾਲਸਾ ਟ੍ਰੈਕਟ ਸੁਸਾਇਟੀ ਕਿਸ ਦੇ ਯਤਨ ਦਾ ਸਿੱਟਾ ਸੀ ?**

ਉੱਤਰ - ਭਾਈ ਵੀਰ ਸਿੰਘ ਦੇ ।

**ਪ੍ਰਸ਼ਨ 9. ਅਰਦਾਸ ਕਦੋਂ ਖ਼ਤੋ-ਖਿਤਾਬਤ ਬਣ ਜਾਂਦੀ ਹੈ ?**

ਉੱਤਰ - ਜਦੋਂ ਉੱਤਰ ਦੀ ਉਡੀਕ ਰੱਖੀ ਜਾਵੇ ।

**ਪ੍ਰਸ਼ਨ 10. ਸਿੱਖਾਂ ਦੀ ਅਰਦਾਸ ਵਿਚ ਕਿਸ ਚੀਜ਼ ਦੀ ਮੰਗ ਹੁੰਦੀ ਹੈ ?**

ਉੱਤਰ - ਸਰਬੱਤ ਦੇ ਭਲੇ ਦੀ ।

**ਪ੍ਰਸਨ 11. ਸਿੱਖ ਲਈ ਚੜ੍ਹਦੀ ਕਲਾ ਦਾ ਸਾਧਨ ਕੀ ਹੈ ?**

ਉੱਤਰ - ਅਰਦਾਸ ।

**ਪ੍ਰਸ਼ਨ 12. ਸਰਦਾਰ ਨੂੰ ਕਿੱਥੇ ਕੈਦ ਕੀਤਾ ਗਿਆ ?**

ਉੱਤਰ - ਰੁਹਤਾਸ ਦੇ ਕਿਲ੍ਹੇ ਵਿੱਚ ।

**ਪ੍ਰਸ਼ਨ 13. ਇਕ ਦਿਨ ਅਚਾਨਕ ਧਾੜਵੀ ਨੂੰ ਕੀ ਮਿਲਿਆ ?**

ਉੱਤਰ - ਇਕ ਪੋਥੀ ।

**ਪ੍ਰਸ਼ਨ 14. ਧਾੜਵੀ ਕਿਸ ਨੂੰ ਸੱਦ ਕੇ ਪੋਥੀ ਵਿਚਲੇ ਸ਼ਬਦਾਂ ਦੇ ਅਰਥ ਸਮਝਦਾ ਸੀ ?**

ਉੱਤਰ - ਇੱਕ ਗ੍ਰੰਥੀ ਨੂੰ ।

**ਗੁਰਦੀਪ ਸਿੰਘ ਪੰਜਾਬੀ ਮਾਸਟਰ ਸਸਸਸ ਕੋਟਲੀ ਅਬਲੂ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਮੋ 9193700037**